# ਵਿੱਤੀ ਪ੍ਰਸ਼ਾਸਨ ਲਈ ਤਹਾਡੀ ਗਾਈਡ

state trustees | Let's talk.

# ਜੀ ਆਇਆਂ ਨੂੰ

ਵਿਕਟੋਰੀਆ ਦੇ ਪਬਲਿਕ ਟਰੱਸਟੀ ਦੇ ਤੌਰ 'ਤੇ, ਅਸੀਂ ਕਈ ਦਹਾਕਿਆਂ ਤੋਂ ਵਿਕਟੋਰੀਆ ਦੇ ਲੋਕਾਂ ਦੇ ਵਿੱਤੀ ਕਲਿਆਣ ਨੂੰ ਸੁਰੱਖਿਅਤ ਕਰਨ ਅਤੇ ਇਸਦਾ ਵਿਕਾਸ ਕਰਨ ਲਈ ਕੰਮ ਕੀਤਾ ਹੈ। ਅਸੀਂ ਵਰਤਮਾਨ ਵਿੱਚ ਸਾਡੀਆਂ ਵਿੱਤੀ ਪ੍ਰਸ਼ਾਸਨਕੀ ਸੇਵਾਵਾਂ ਰਾਹੀਂ 9,500 ਤੋਂ ਵੱਧ ਵਿਕਟੋਰੀਆ ਦੇ ਲੋਕਾਂ ਦੀ ਉਨ੍ਹਾਂ ਦੇ ਰੋਜ਼ਾਨਾ ਦੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਵਿੱਚ ਮਦਦ ਕਰਦੇ ਹਾਂ। ਅਸੀਂ ਉਨ੍ਹਾਂ ਲੋਕਾਂ ਦੇ ਪ੍ਰਬੰਧਕ ਦੇ ਤੌਰ 'ਤੇ ਕੰਮ ਕਰਦੇ ਹਾਂ ਜੋ ਆਪਣੇ ਆਪ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਕਰਨ ਲਈ ਯੋਗ ਨਹੀਂ ਹੁੰਦੇ ਹਨ। ਅਜਿਹਾ ਉਸ ਵਿਅਕਤੀ ਨੂੰ ਮਾਨਸਿਕ ਬੀਮਾਰੀ, ਚੋਟ ਜਾਂ ਅਪੰਗਤਾ ਕਰਕੇ ਹੋ ਸਕਦਾ ਹੈ।

ਵਿਕਟੋਰੀਆ ਦੇ ਸਿਵਲ ਅਤੇ ਪ੍ਰਬੰਧਕੀ ਟ੍ਰਿਬਿਊਨਲ (Victorian Civil and Administrative Tribunal - VCAT) ਨੇ ਸਾਨੂੰ ਤੁਹਾਡੇ ਪ੍ਰਬੰਧਕ ਦੇ ਤੌਰ 'ਤੇ ਨਿਯੁਕਤ ਕੀਤਾ ਹੈ। ਤੁਹਾਡੇ ਪ੍ਰਬੰਧਕ ਦੇ ਤੌਰ 'ਤੇ, ਸਾਡੀ ਭੂਮਿਕਾ ਵਿੱਚ ਤੁਹਾਡੇ ਵਿੱਤ ਅਤੇ ਸੰਪਤੀ ਬਾਰੇ ਫੈਸਲੇ ਲੈਣਾ ਸ਼ਾਮਿਲ ਹੈ। ਅਸੀਂ ਹਮੇਸ਼ਾ ਤੁਹਾਡੇ ਉਦੇਸ਼ਾਂ ਲਈ ਅਤੇ ਤੁਹਾਡੇ ਮੁਤਾਬਕ ਜਿਹੜੀ ਚੀਜ਼ ਮਹਤਵਪੂਰਣ ਹੈ, ਉਸਦੇ ਲਈ ਕੰਮ ਕਰਦੇ ਹਾਂ।

**ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ:**

ਤੁਹਾਡੇ ਬਿਲਾਂ, ਖਾਤਿਆਂ ਅਤੇ ਕਰਜ਼ਿਆਂ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ

ਤੁਹਾਡੀਆਂ ਸੰਪਤੀਆਂ ਸੁਰੱਖਿਅਤ ਅਤੇ ਮਹਿਫੂਜ ਹਨ (ਤੁਹਾਡੀ ਪ੍ਰਾਪਰਟੀ ਅਤੇ ਤੁਹਾਡਾ ਸਾਮਾਨ, ਜੋ ਕੀਮਤੀ ਹੁੰਦਾ ਹੈ, ਜਿਵੇਂ ਕਿ ਘਰ, ਕਾਰ ਅਤੇ ਬੈਂਕ ਖਾਤੇ, ਉਹ ਤੁਹਾਡੀ ਸੰਪਤੀਆਂ ਹਨ)

ਤੁਹਾਨੂੰ ਉਹ ਸਾਰੀ ਆਮਦਨੀ ਮਿਲ ਰਹੀ ਹੈ ਜੋ ਤੁਹਾਨੂੰ ਮਿਲਣੀ ਚਾਹੀਦੀ ਹੈ।

ਸਾਡਾ ਉਦੇਸ਼ ਤੁਹਾਡੇ ਵਿੱਤ ਅਤੇ ਤੁਹਾਡੀ ਪ੍ਰਾਪਰਟੀ ਦਾ ਪ੍ਰਬੰਧ ਕਰਨਾ ਹੈ ਤਾਂ ਜੋ ਤੁਸੀਂ ਆਪਣਾ ਜੀਵਨ ਉਸ ਤਰੀਕੇ ਨਾਲ ਬਤੀਤ ਕਰ ਸਕੋ ਜਿਵੇਂ ਤੁਸੀਂ ਚਾਹੁੰਦੇ ਹੋ।

ਇਹ ਗਾਈਡ ਵੇਰਵਾ ਦਿੰਦੀ ਹੈ ਕਿ ਅਗਲੇ ਕਦਮ ਕੀ ਹਨ ਅਤੇ ਤੁਸੀਂ ਸਾਡੇ ਨਾਲ ਆਪਣੀ ਪਹਿਲੀ ਮੀਟਿੰਗ ਦੀ ਤਿਆਰੀ ਕਿਵੇਂ ਕਰਨੀ ਹੈ। ਅਸੀਂ ਤੁਹਾਡੇ ਦੁਆਰਾ ਆਮ ਪੁੱਛੇ ਜਾਣ ਵਾਲੇ ਕੁੱਝ ਸਵਾਲਾਂ ਦਾ ਵੀ ਜਵਾਬ ਦਿੰਦੇ ਹਾਂ।

# ਸ਼ਬਦਾਵਲੀ

## VCAT

VCAT ਗਾਰਡੀਅਨਸ਼ਿਪ ਐਂਡ ਐਡਮਨਿਸਟ੍ਰੇਸ਼ਨ ਐਕਟ 2019 ਦੇ ਤਹਿਤ ਸਰਪਰਸਤਾਂ ਅਤੇ ਪ੍ਰਬੰਧਕਾਂ ਦੀ ਨਿਯੁਕਤੀ ਕਰਦਾ ਹੈ। VCAT ਕਿਸੇ ਵਿਅਕਤੀ ਲਈ ਸਰਪਰਸਤ, ਪ੍ਰਬੰਧਕ ਜਾਂ ਫਿਰ ਦੋਹਾਂ ਦੀ ਨਿਯੁਕਤੀ ਕਰ ਸਕਦਾ ਹੈ। ਜੇਕਰ ਸਰਪਰਸਤਾਂ ਅਤੇ ਪ੍ਰਬਧੰਕਾਂ ਦੀ ਨਿਯੁਕਤੀ ਇੱਕੋ ਵਿਅਕਤੀ ਲਈ ਕੀਤੀ ਜਾਂਦੀ ਹੈ ਤਾਂ ਉਹ ਰਲ-ਮਿਲਕੇ ਇਕੱਠੇ ਕੰਮ ਕਰਦੇ ਹਨ।

## ਗਾਰਡੀਅਨਸ਼ਿਪ ਐਂਡ ਐਡਮਨਿਸਟ੍ਰੇਸ਼ਨ ਐਕਟ 2019

*ਗਾਰਡੀਅਨਸ਼ਿਪ ਐਂਡ ਐਡਮਨਿਸਟ੍ਰੇਸ਼ਨ ਐਕਟ 2019* ਇੱਕ ਕਾਨੂੰਨ ਹੈ। ਇਹ ਕਾਨੂੰਨ ਇਹ ਮਾਰਗਦਰਸ਼ਨ ਕਰਦਾ ਹੈ ਕਿ ਅਸੀਂ ਤੁਹਾਡੇ ਲਈ ਫੈਸਲੇ ਕਿਵੇਂ ਲੈਂਦੇ ਹਾਂ ਅਤੇ ਇਹ ਵੇਰਵਾ ਦਿੰਦਾ ਹੈ ਕਿ ਤੁਹਾਡਾ ਸਮਰਥਨ ਕਰਨ ਲਈ ਸਾਨੂੰ ਕੀ ਕਰਨ ਦੀ ਲੋੜ ਹੈ।

## ਇੱਛਾ ਅਤੇ ਤਰਜੀਹਾਂ

ਤੁਹਾਡੀ ਇੱਛਾ ਅਤੇ ਤਰਜੀਹਾਂ ਉਹ ਹਨ ਜੋ ਤੁਹਾਡੇ ਲਈ ਮਹੱਤਵਪੂਰਣ ਹੈ ਅਤੇ ਜੋ ਤੁਹਾਡੇ ਉਦੇਸ਼ ਹਨ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਤੁਹਾਡੀ ਇੱਛਾ ਅਤੇ ਤੁਹਾਡੀਆਂ ਤਰਜੀਹਾਂ ਕੀ ਹਨ ਤਾਂ ਜੋ ਅਸੀਂ ਤੁਹਾਡੇ ਲਈ ਫੈਸਲੇ ਲੈਣ ਸਮੇਂ ਉਨ੍ਹਾਂ ਤੇ ਧਿਆਨ ਦੇ ਸਕੀਏ।

## ਪ੍ਰਬੰਧਕ

ਪ੍ਰਬੰਧਕ ਉਹ ਵਿਅਕਤੀ ਜਾਂ ਸੰਸਥਾ ਹੈ ਜਿਸਨੂੰ VCAT ਕਿਸੇ ਵਿਅਕਤੀ ਦੇ ਵਿੱਤੀ ਅਤੇ ਪ੍ਰਾਪਰਟੀ ਸੰਬੰਧੀ ਮਾਮਲਿਆਂ ਬਾਰੇ ਫੈਸਲੇ ਲੈਣ ਲਈ ਨਿਯੁਕਤ ਕਰਦਾ ਹੈ।

## ਸਰਪਰਸਤ (ਗਾਰਡੀਅਨ)

ਸਰਪਰਸਤ ਉਹ ਵਿਅਕਤੀ ਜਾਂ ਸੰਸਥਾ ਹੈ ਜਿਸਨੂੰ VCAT ਕਿਸੇ ਵਿਅਕਤੀ ਦੇ ਜੀਵਨ-ਸ਼ੈਲੀ ਦੇ ਮਾਮਲਿਆਂ ਦਾ ਪ੍ਰਬੰਧ ਕਰਨ ਲਈ ਨਿਯਕੁਤ ਕਰਦਾ ਹੈ ਜਿਵੇਂ ਕਿ ਰਿਹਾਇਸ਼ ਜਾਂ ਇਹ ਕੀ ਵਿਅਕਤੀ ਕਿੱਥੇ ਕੰਮ ਕਰਦਾ ਹੈ।

## NDIS

ਨੈਸ਼ਨਲ ਡਿਸੇਬਿਲਟੀ ਇੰਸ਼ੋਰੇਂਸ ਸਕੀਮ (NDIS) ਅਪਾਹਜਤਾ ਨਾਲ ਗ੍ਰਸਤ ਲੋਕਾਂ ਲਈ ਇੱਕ ਰਾਸ਼ਟਰੀ ਫੰਡਿੰਗ ਯੋਜਨਾ ਹੈ। ਇਹ ਲੋਕਾਂ ਨੂੰ ਉਨ੍ਹਾਂ ਦੀਆਂ ਅਪਾਹਜਤਾ ਸੰਬੰਧੀ ਜ਼ਰੂਰਤਾਂ ਵਿੱਚ ਮਦਦ ਦੇਣ ਲਈ ਫੰਡਿੰਗ (ਧਨ-ਰਾਸ਼ੀ) ਪ੍ਰਦਾਨ ਕਰਦੀ ਹੈ।





# ਅਸੀਂ ਤੁਹਾਡੀ ਮਦਦ ਕਿਵੇਂ ਕਰਾਂਗੇ?

ਸਾਡੀ ਭੂਮਿਕਾ ਇੱਕ ਅਜਿਹੇ ਤਰੀਕੇ ਨਾਲ ਤੁਹਾਡੇ ਵਿੱਤ ਬਾਰੇ ਫੈਸਲੇ ਲੈਣਾ ਹੈ ਜਿਸਨਾਲ ਤੁਹਾਨੂੰ ਆਪਣਾ ਜੀਵਨ ਉਸ ਢੰਗ ਨਾਲ ਬਤੀਤ ਕਰਨ ਵਿੱਚ ਮਦਦ ਮਿਲੇ ਜਿਵੇਂ ਕਿ ਤੁਸੀਂ ਬਤੀਤ ਕਰਨਾ ਚਾਹੁੰਦੇ ਹੋ।

ਅਸੀਂ ਤੁਹਾਡੇ ਪੈਸਿਆਂ ਦਾ ਪ੍ਰਬੰਧ ਕਰਕੇ ਮਦਦ ਕਰ ਸਕਦੇ ਹਾਂ ਤਾਂ ਜੋ ਤੁਹਾਡੇ ਬਿਲਾਂ, ਖਾਤਿਆਂ ਅਤੇ ਕਰਜ਼ਿਆਂ ਦਾ ਭੁਗਤਾਨ ਸਮੇਂ ਸਿਰ ਹੋ ਜਾਵੇ, ਅਤੇ ਨਾਲ ਹੀ ਅਸੀਂ ਇਹ ਯਕੀਨੀ ਬਣਾ ਕੇ ਮਦਦ ਕਰ ਸਕਦੇ ਹਾਂ ਕਿ ਤੁਹਾਡੇ ਕੋਲ ਨਿੱਜੀ ਖਰਚ ਲਈ ਪੈਸੇ ਹਨ। ਅਸੀਂ ਇਹ ਵੀ ਯਕੀਨੀ ਬਣਾਉਂਦੇ ਹਾਂ ਕਿ ਤੁਹਾਡੀਆਂ ਸਾਰੀਆਂ ਸੰਪਤੀਆਂ ਸੁਰੱਖਿਅਤ ਹਨ ਅਤੇ ਤੁਹਾਨੂੰ ਉਹ ਸਾਰੀ ਆਮਦਨੀ ਮਿਲ ਰਹੀ ਹੈ ਜੋ ਤੁਹਾਨੂੰ ਮਿਲਣੀ ਚਾਹੀਦੀ ਹੈ।

## ਬਿਲਾਂ ਦਾ ਭੁਗਤਾਨ ਕਰਨਾ

ਅਸੀਂ ਤੁਹਾਡੇ ਪੈਸਿਆਂ ਤੋਂ ਤੁਹਾਡੇ ਖਾਤਿਆਂ ਅਤੇ ਬਿਲਾਂ ਦਾ ਬਾਕਾਇਦਾ ਭੁਗਤਾਨ ਕਰਾਂਗੇ, ਅਤੇ ਹਰੇਕ ਬਿਲ ਲਈ ਬਜਟ ਅਤੇ ਯੋਜਨਾ ਵੀ ਬਣਾਵਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਇਨ੍ਹਾਂ ਦਾ ਭੁਗਤਾਨ ਕਰਨ ਲਈ ਲੋੜੀਂਦੇ ਪੈਸੇ ਹਨ।

ਜੇ ਤੁਸੀਂ ਆਪਣੇ ਖੁਦ ਦੇ ਘਰ ਵਿੱਚ ਰਹਿੰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਬੈਠ ਕੇ ਤੁਹਾਡੇ ਨਾਲ ਘਰ ਦੇ ਨਿਯਮਿਤ ਬਿਲਾਂ ਦੀ ਜਾਂਚ ਕਰਾਂਗੇ ਤਾਂ ਜੋ ਤੁਹਾਡੇ ਲਈ ਇੱਕ ਬਜਟ ਬਣਾਇਆ ਜਾ ਸਕੇ।

## ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਤੁਹਾਨੂੰ ਸਹੀ ਆਮਦਨੀ ਮਿਲਦੀ ਹੈ

ਸਾਨੂੰ ਅਕਸਰ ਇਹ ਪਤਾ ਚੱਲਦਾ ਹੈ ਕਿ ਸਾਡੇ ਨਵੇਂ ਗਾਹਕਾਂ ਵਿਚੋਂ ਕਈਆਂ ਨੂੰ ਪੇਨਸ਼ਨ ਦੀ ਸਹੀ ਰਾਸ਼ੀ ਜਾਂ ਹੋਰ ਅਜਿਹੇ ਬੇਨੇਫਿਟ ਨਹੀਂ ਮਿਲ ਰਹੇ ਹਨ ਜੋ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ।

ਅਸੀਂ ਤੁਹਾਡੀ ਵਰਤਮਾਨ ਆਮਦਨੀ ਦੇਖਾਂਗੇ ਅਤੇ ਇਹ ਹਿਸਾਬ ਲਗਾਵਾਂਗੇ ਕਿ ਕੀ ਤੁਹਾਨੂੰ ਇਹ ਸਭ ਮਿਲ ਰਿਹਾ ਹੈ ਜੋ ਤੁਹਾਨੂੰ ਮਿਲਣਾ ਚਾਹੀਦਾ ਹੈ। ਅਸੀਂ ਤੁਹਾਨੂੰ ਕੋਈ ਅਜਿਹੀ ਅਤਿਰਿਕਤ ਆਮਦਨੀ ਜਾਂ ਬੇਨੇਫਿਟਸ ਦਵਾਉਣ ਲਈ ਵੀ ਕੰਮ ਕਰਾਂਗੇ ਜਿਸਦੇ ਤੁਸੀਂ ਪਾਤਰ ਹੋ। ਇਹ ਹੇਠਾਂ ਦਿੱਤੀਆਂ ਆਮਦਨੀਆਂ ਜਾਂ ਬੇਨੇਫਿਟਸ ਹੋ ਸਕਦੇ ਹਨ:

- ਕੋਈ ਵਿਦੇਸ਼ੀ ਪੇਨਸ਼ਨ ਜਿਸਦੇ ਲਈ ਅਰਜ਼ੀ ਪਾਉਣੀ ਔਖੀ ਲੱਗ ਰਹੀ ਸੀ
- ਸੈਂਟਰਲਿੰਕ (Centrelink) ਤੋਂ ਮਿਲਣ ਵਾਲੇ ਕੋਈ ਵਾਧੂ ਭੁਗਤਾਨ ਜਿਨ੍ਹਾਂ ਬਾਰੇ ਤੁਹਾਨੂੰ ਜਾਣਕਾਰੀ ਨਹੀਂ ਸੀ
- ਅਜਿਹੇ ਸੁਪਰਐਨੁਐਸ਼ਨ ਲਈ ਦਾਅਵਾ ਕਰਨਾ ਜਿਸ ਬਾਰੇ ਤੁਸੀਂ ਭੁੱਲ ਚੁੱਕੇ ਸੀ
- ਕੋਈ ਛੋਟ ਜਿਸਦੇ ਲਈ ਤੁਸੀਂ ਪਾਤਰ ਹੋ ਸਕਦੇ ਹੋ

ਸਾਡੇ ਕੋਲ ਸੈਂਟਰਲਿੰਕ (Centrelink), ਸਾਬਕਾ ਫੌਜੀਆਂ ਦੇ ਮਾਮਲਿਆਂ ਦੇ ਵਿਭਾਗ (Department of Veterans Affairs) ਅਤੇ ਅੰਤਰਰਾਸ਼ਟਰੀ ਪੇਨਸ਼ਨ ਏਜੰਸੀਆਂ ਨਾਲ ਨਜਿੱਠਣ ਦਾ ਬਹੁਤ ਤਜਰਬਾ ਹੈ। ਅਸੀਂ ਤੁਹਾਡੇ ਲਈ ਇਨ੍ਹਾਂ ਸੰਸਥਾਵਾਂ ਤੋਂ ਚਿੱਠੀ-ਪੱਤਰੀ ਪ੍ਰਾਪਤ ਕਰਾਂਗੇ ਅਤੇ ਇਨ੍ਹਾਂ ਭੁਗਤਾਨਾਂ ਨੂੰ ਪ੍ਰਾਪਤ ਕਰਨ ਲਈ ਤੁਹਾਡੇ ਦੁਆਰਾ ਲੋੜੀਂਦੀ ਕੋਈ ਕਾਗਜ਼ੀ ਕਾਰਵਾਈ ਪੂਰੀ ਕਰਾਂਗੇ।

## ਸੁਪਰਐਨੁਐਸ਼ਨ ਬੀਮੇ ਲਈ ਦਾਅਵਾ ਕਰਨਾ

ਜੇਕਰ ਤੁਹਾਡੇ ਕੋਲ ਸੁਪਰਐਨੁਐਸ਼ਨ ਹੈ ਅਤੇ ਤੁਸੀਂ ਕਿਸੇ ਬੀਮਾਰੀ ਜਾਂ ਸੱਟ ਕਰਕੇ ਨੌਕਰੀ ਕਰਨੀ ਬੰਦ ਕਰ ਦਿੱਤੀ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਸਮੇਂ ਤੋਂ ਪਹਿਲਾਂ ਆਪਣੇ ਸੁਪਰ ਲਈ ਅਰਜ਼ੀ ਪਾਉਣ ਦੇ ਯੋਗ ਹੋਵੋ। ਸੁਪਰ ਦੀਆਂ ਕਈ ਨੀਤੀਆਂ ਵਿੱਚ ਉਸ ਪਰਿਸਥਿਤੀ ਵਿੱਚ ਤੁਹਾਡੀ ਸੁਰੱਖਿਆ ਕਰਨ ਲਈ ਬੀਮਾ ਵੀ ਸ਼ਾਮਿਲ ਹੁੰਦਾ ਹੈ ਜਦੋਂ ਤੁਸੀਂ ਬੀਮਾਰ ਹੋ ਜਾਂਦੇ ਹੋ ਜਾਂ ਤੁਹਾਨੂੰ ਸੱਟ ਲਗ ਜਾਂਦੀ ਹੈ ਅਤੇ ਹੁਣ ਤੁਸੀਂ ਅਪਾਹਜ ਹੋ। ਅਸੀਂ ਇਹ ਜਾਂਚ ਵੀ ਕਰਾਂਗੇ ਕਿ ਕੀ ਤੁਹਾਡੇ ਕੋਲ ਇਸਲਈ ਪੇਆਉਟ (ਅਦਾਇਗੀ) ਲਈ ਦਾਅਵਾ ਹੈ ਕਿਉਂਕਿ ਤੁਹਾਨੂੰ ਤੁਹਾਡੀ ਬੀਮਾਰੀ ਜਾਂ ਸੱਟ ਕਰਕੇ ਨੌਕਰੀ ਛੱਡਣੀ ਪਈ ਸੀ।

## ਕਰਜ਼ਿਆਂ ਦਾ ਪ੍ਰਬੰਧ ਕਰਨਾ

ਸਾਡੇ ਕੁੱਝ ਗਾਹਕਾਂ 'ਤੇ ਵੱਡੇ ਕਰਜ਼ੇ ਹਨ। ਇਹ ਸਾਡੀ ਭੂਮਿਕਾ ਹੈ ਕਿ ਇਨ੍ਹਾਂ ਕਰਜ਼ਿਆਂ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ। ਅਸੀਂ ਲੈਣਦਾਰਾਂ ਨਾਲ ਨਿਪਟ ਸਕਦੇ ਹਾਂ ਅਤੇ ਕਰਜ਼ੇ ਤੇ ਛੋਟ ਜਾਂ ਮੁੜ-ਭੁਗਤਾਨ ਦੀਆਂ ਯੋਜਨਾਵਾਂ ਬਾਰੇ ਸਮਝੌਤੇ ਦੀ ਗੱਲਬਾਤ ਕਰ ਸਕਦੇ ਹਾਂ। ਇਸਨਾਲ ਪੈਸੇ ਇਕੱਠੇ ਕਰਨ ਵਾਲੀਆਂ ਏਜੰਸੀਆਂ ਨਾਲ ਨਜਿੱਠਣ ਦਾ ਤਣਾਅ ਦੂਰ ਕਰਨ ਵਿੱਚ ਮਦਦ ਮਿਲੇਗੀ।



## ਕਾਨੂੰਨੀ ਮਾਮਲਿਆਂ ਵਿੱਚ ਮਦਦ

ਅਸੀਂ ਤੁਹਾਡੇ ਲਈ ਕਈ ਵੱਖ-ਵੱਖ ਤਰ੍ਹਾਂ ਦੇ ਕਾਨੂੰਨੀ ਮਾਮਲਿਆਂ ਦੀ ਜਾਂਚ ਕਰ ਸਕਦੇ ਹਾਂ। ਇਸ ਵਿੱਚ ਹੇਠਾਂ ਦਿੱਤੇ ਦਾਅਵੇ ਸ਼ਾਮਿਲ ਹੋ ਸਕਦੇ ਹਨ:

- ਆਵਾਜਾਈ ਦੁਰਘਟਨਾ ਕਮਿਸ਼ਨ (Transport Accident Commission (TAC) compensation claim, if - TAC) ਮੁਆਵਜਾ ਦਾਅਵਾ, ਜੇ ਗੱਡੀ ਦੇ ਐਕਸੀਡੈਂਟ ਵਿੱਚ ਤੁਹਾਨੂੰ ਸੱਟ ਲਗੀ ਸੀ
- WorkCover ਕਲੇਮ, ਜੇ ਤੁਹਾਨੂੰ ਕੰਮ ਤੇ ਸੱਟ ਲਗੀ ਸੀ
- Victims of Crime Assistance Tribunal ਕਲੇਮ, ਜੇ ਤੁਸੀਂ ਵਿਕਟੋਰੀਆ ਵਿੱਚ ਕਿਸੇ ਜੁਰਮ ਦੇ ਸ਼ਿਕਾਰ ਹੋਏ ਸੀ
- ਕਿਸੇ ਮ੍ਰਿਤਕ ਦੀ ਜਾਇਦਾਦ ਲਈ ਕਲੇਮ, ਜਿੱਥੇ ਤੁਸੀਂ ਕਿਸੇ ਵੱਡੇ ਹਿੱਸੇ ਲਈ ਯੋਗ ਹੋ ਸਕਦੇ ਹੋ। ਵਿਅਕਤੀ ਦੀ ਮੌਤ ਤੋਂ ਬਾਅਦ ਉਸਦੀਆਂ ਸੰਪਤੀਆਂ ਨੂੰ ਮ੍ਰਿਤਕ ਦੀ ਜਾਇਦਾਦ ਕਿਹਾ ਜਾਂਦਾ ਹੈ।

## ਜੇਕਰ ਤੁਸੀਂ ਆਪਣੇ ਖੁਦ ਦੇ ਘਰ ਵਿੱਚ ਰਹਿੰਦੇ ਹੋ

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕਿਰਾਏ ਅਤੇ ਘਰ ਦੇ ਬਿਲਾਂ ਵਰਗੇ ਖਰਚਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ।

ਅਸੀਂ ਬਜਟ ਬਣਾਉਣ ਲਈ ਤੁਹਾਡੇ ਨਾਲ ਕੰਮ ਕਰਾਂਗੇ ਤਾਂ ਜੋ ਤੁਹਾਡੇ ਕੋਲ ਰਿਹਾਇਸ਼, ਬਿਜਲੀ-ਪਾਣੀ, ਕਿਰਆਨੇ ਵਰਗੇ ਘਰੇਲੂ ਖਰਚਿਆਂ ਅਤੇ ਯਾਤਰਾ ਸੰਬੰਧੀ ਖਰਚਿਆਂ ਲਈ ਪੈਸੇ ਸੁਰੱਖਿਅਤ ਰਹਿੰਦੇ ਹਨ। ਅਸੀਂ ਵਾਧੂ ਖਰੀਦਦਾਰੀਆਂ, ਜਿਵੇਂ ਕਿ ਕਪੜੇ ਜਾਂ ਨਵਾਂ ਟੈਲੀਵਿਜ਼ਨ, ਲਈ ਇੱਕ ਬਚਤ ਯੋਜਨਾ ਵੀ ਬਣਾ ਸਕਦੇ ਹਾਂ। ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਕਿਰਾਇਆ ਸਹਾਇਤਾ ਦੀ ਸਹੀ ਰਾਸ਼ੀ ਮਿਲ ਰਹੀ ਹੈ।

## ਜੇ ਤੁਸੀਂ ਕਿਸੇ ਬਜ਼ੁਰਗਾਂ ਦੀ ਸੰਭਾਲ ਵਾਲੇ (ਏਜਡ ਕੇਅਰ) ਸੁਵਿਧਾ-ਕੇਂਦਰ ਵਿੱਚ ਰਹਿਣ ਜਾ ਰਹੇ ਹੋ

ਬਜ਼ੁਰਗਾਂ ਦੀ ਸੰਭਾਲ ਵਾਲੇ ਸੁਵਿਧਾ-ਕੇਂਦਰ ਵਿੱਚ ਰਹਿਣ ਜਾਣ ਸਮੇਂ, ਹੋ ਸਕਦਾ ਹੈ ਕਿ ਤੁਹਾਡੇ ਲਈ ਬਾਂਡ ਭਰਨਾ ਜ਼ਰੂਰੀ ਹੋਵੇ। ਅਸੀਂ ਇਹ ਵੀ ਦੇਖਾਂਗੇ ਕਿ ਕੀ ਤੁਹਾਡੀ ਕਿਸੇ ਪ੍ਰਾਪਰਟੀ ਜਾਂ ਨਿੱਜੀ ਵਸਤੂ ਨੂੰ ਵੇਚਣ ਦੀ ਲੋੜ ਤਾਂ ਨਹੀਂ ਹੈ। ਅਸੀਂ ਤੁਹਾਡੇ ਲਈ ਵਿੱਤੀ ਮੁਲਾਂਕਣ ਦਸਤਾਵੇਜ਼ ਭਰਾਂਗੇ ਅਤੇ, ਜੇਕਰ ਸੰਭਵ ਹੋਵੇ ਤਾਂ, ਬਾਂਡ ਭੁਗਤਾਨ ਦੀ ਘੱਟ ਰਾਸ਼ੀ ਲਈ ਗੱਲਬਾਤ ਕਰਾਂਗੇ।

ਅਸੀਂ ਤੁਹਾਡੇ ਘਰ ਦੀ ਸਾਫ-ਸਫਾਈ ਅਤੇ ਤੁਹਾਡੇ ਸਾਮਾਨ ਨੂੰ ਚੁੱਕੇ ਜਾਣ ਦੀ ਵਿਵਸਥਾ ਕਰਨ ਲਈ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਗੱਲਬਾਤ ਕਰਾਂਗੇ ਤਾਂ ਜੋ ਇਸਨੂੰ ਵੇਚਣ ਲਈ ਤਿਆਰ ਕੀਤਾ ਜਾ ਸਕੇ।

## ਜੇ ਤੁਸੀਂ ਕਿਸੇ ਬਜ਼ੁਰਗਾਂ ਦੀ ਸੰਭਾਲ ਵਾਲੇ (ਏਜਡ ਕੇਅਰ) ਸੁਵਿਧਾ-ਕੇਂਦਰ ਵਿੱਚ ਰਹਿੰਦੇ ਹੋ

ਅਸੀਂ ਨਰਸਿੰਗ ਹੋਮ ਦੀਆਂ ਫੀਸਾਂ, ਫਾਰਮੇਸੀ ਦੇ ਖਾਤਿਆਂ ਅਤੇ ਹੋਰ ਖਰਚਿਆਂ ਦੇ ਭੁਗਤਾਨ ਦਾ ਪ੍ਰਬੰਧ ਕਰਾਂਗੇ।

